Punjabi

VoiceAbility

ਪੁਰਾਣਾ ਨਾਂ ਐਡਵੋਕੇਸੀ ਪਾਰਟਨਰਜ਼ ਸਪੀਕਿੰਗ ਅਪ



# IMHA

ਇੰਡੀਪੈਂਡੈਂਟ ਮੈਂਟਲ ਹੈਲਥ ਐਡਵੋਕੇਟ ਸਰਵਿਸ

*ਇੱਕ ਅਜ਼ਾਦਾਨਾ ਮਾਨਸਿਕ ਸਿਹਤ ਸਮਰਥਨ (ਵਕਾਲਤ) ਸੇਵਾ ਉਹਨਾਂ ਲੋਕਾਂ ਲਈ ਜਿਹਨਾਂ ਨੂੰ ਨਵੇਂ ਮਾਨਸਿਕ ਸਿਹਤ ਐਕਟ ਤਹਿਤ ਉਹਨਾਂ ਦੇ ਅਧਿਕਾਰਾਂ ਨਾਲ ਸਹਾਇਤਾ ਦੀ ਲੋੜ ਹੈ।*



## IMHA ਕੀ ਹੈ?

ਜੇ ਤੁਹਾਨੂੰ ਮੈਂਟਲ ਹੈਲਥ ਸੈਕਸ਼ਨ ਤਹਿਤ ਕੈਦ ਕੀਤਾ ਜਾ ਰਿਹਾ ਹੈ, ਤਾਂ ਤੁਸੀਂ ਇੱਕ ਇੰਡੀਪੈਂਡੈਂਟ ਮੈਂਟਲ ਹੈਲਥ ਐਡਵੋਕੇਟ ਸਰਵਿਸ* ਤੋਂ ਕਾਨੂੰਨੀ ਤੌਰ ਉੱਤੇ ਮਦਦ ਅਤੇ ਸਹਾਇਤਾ ਲੈਣ ਦੇ ਹੱਕਦਾਰ ਹੋ।

ਐਡਵੋਕੇਟ (ਵਕੀਲ) ਇਸ ਐਕਟ ਤਹਿਤ ਤੁਹਾਡੇ ਅਧਿਕਾਰਾਂ ਬਾਰੇ, ਤੁਹਾਡੇ 'ਤੇ ਲਾਗੂ ਹੋਣ ਵਾਲੇ ਹਿੱਸਿਆਂ ਬਾਰੇ, ਅਤੇ ਤੁਹਾਡੇ ਹੋਣ ਵਾਲੇ ਵਾਲੇ ਡਾਕਟਰੀ ਇਲਾਜ ਬਾਰੇ ਜਾਣਕਾਰੀ ਹਾਸਲ ਕਰਕੇ ਅਤੇ ਇਸ ਨੂੰ ਸਮਝ ਕੇ ਤੁਹਾਡੀ ਸਹਾਇਤਾ ਕਰ ਸਕਦੇ ਹਨ।

**ਬੰਦਸ਼ਾਂ (ਵਰਜਨ) ਲਾਗੂ ਹੁੰਦੀਆਂ ਹਨ; ਵੇਰਵਿਆਂ ਲਈ ਆਪਣੇ ਸਥਾਨਕ IMHA ਦਫਤਰ ਨੂੰ ਕਾਲ ਕਰੋ*

## IMHA ਤੁਹਾਡੀ ਮਦਦ ਕਰ ਸਕਦੀ ਹੈ:

- ਤੁਹਾਡੀ ਦੇਖਭਾਲ ਯੋਜਨਾ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੋ ਕੇ
- ਤੁਹਾਡੀ ਪਹੁੰਚ ਮੈਂਟਲ ਹੈਲਥ ਰਿਵਿਊ ਟ੍ਰਿਬਿਊਨਲਸ ਤਕ ਕਰਕੇ, ਉਹਨਾਂ ਵਾਸਤੇ ਤਿਆਰੀ ਕਰਕੇ ਅਤੇ ਲਏ ਗਏ ਫੈਸਲਿਆਂ ਬਾਰੇ ਸਮਝਾ ਕੇ
- ਤੁਹਾਡੀ ਪਹੁੰਚ ਹੋਰਨਾਂ ਸਹਾਇਤਾ ਅਤੇ ਸੇਵਾਵਾਂ ਤਕ ਕਰਕੇ
- ਬਾਅਦ ਵਾਲੀ ਢੁਕਵੀਂ ਦੇਖਭਾਲ ਬਾਰੇ ਵਿਚਾਰ-ਵਟਾਂਦਰਾ ਕਰਕੇ
- ਇਸ ਬਾਰੇ ਕਿ ਤੁਹਾਡੇ ਤਜ਼ਰਬੇ/ਦੇਖਭਾਲ ਬਾਰੇ ਚਿੰਤਾਵਾਂ ਨੂੰ ਕਿਵੇਂ ਉਠਾਇਆ ਜਾਵੇ
- ਤੁਹਾਡੇ ਅਧਿਕਾਰਾਂ ਦੀ ਵਰਤੋਂ ਕਰਕੇ।

**ਆਈ ਐਮ ਐਚ ਏ ਸਰਵਿਸ: ਪੂਰੀ ਤਰ੍ਹਾਂ ਮੁਫ਼ਤ ਅਤੇ ਸੁਤੰਤਰ ਹੈ**

## ਅਸੀਂ:

- ਤੁਹਾਡੇ ਉਹਨਾਂ ਵਿਚਾਰਾਂ ਅਤੇ ਜਜ਼ਬਾਤਾਂ ਨੂੰ ਧਿਆਨਪੂਰਵਕ ਸੁਣਾਂਗੇ ਜਿਹਨਾਂ ਬਾਰੇ ਤੁਸੀਂ ਸਾਨੂੰ ਦਸਦੇ ਹੋ
- ਤੁਹਾਨੂੰ ਅਵਾਜ਼ ਉਠਾਉਣ ਜਾਂ ਲੋੜ ਪੈਣ 'ਤੇ ਤੁਹਾਡੇ ਤਰਫੋਂ ਅਵਾਜ਼ ਉਠਾਉਣ ਲਈ ਸਹਾਇਤਾ ਕਰਾਂਗੇ
- ਇਹ ਯਕੀਨੀ ਬਣਾਵਾਂਗੇ ਕਿ ਤੁਹਾਡੇ ਬਾਰੇ ਲਏ ਜਾ ਰਹੇ ਫੈਸਲਿਆਂ ਵਿੱਚ ਤੁਸੀਂ ਪੂਰੀ ਤਰ੍ਹਾਂ ਨਾਲ ਸ਼ਾਮਲ ਹੋਵੋ
- ਕੰਮ ਖਤਮ ਹੋਣ ਤੋਂ ਬਾਅਦ ਅਸੀਂ ਤੁਹਾਡਾ ਕੇਸ ਬੰਦ ਕਰ ਦੇਵਾਂਗੇ।

## ਮੈਂ IMHA ਬਾਰੇ ਕਿਵੇਂ ਪਤਾ ਕਰਾਂ?

ਕੁਝ ਸਟਾਫ ਦੀ ਇਹ ਡਿਊਟੀ ਹੈ ਕਿ ਉਹ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਤੁਸੀਂ ਇਹ ਗੱਲ ਸਮਝਦੇ ਹੋ ਕਿ ਤੁਹਾਡੇ ਲਈ IMHA ਸੇਵਾਵਾਂ ਉਪਲਬਧ ਹਨ ਅਤੇ ਤੁਸੀਂ ਇਹ ਮਦਦ ਕਿਵੇਂ ਲੈ ਸਕਦੇ ਹੋ।

ਜੇ ਤੁਸੀਂ IMHA ਨਾਲ ਕੰਮ ਕਰਨ ਦੀ ਚੋਣ ਕਰਦੇ ਹੋ ਤਾਂ ਤੁਹਾਨੂੰ ਉਸ ਸਹਾਇਤਾ ਨੂੰ ਆਪਣੀ ਮਰਜ਼ੀ ਅਨੁਸਾਰ ਕਿਸੇ ਵੀ ਸਮੇਂ ਵੀ ਬੰਦ ਕਰਨ ਦਾ ਅਧਿਕਾਰ ਹੈ।

www www.voiceability.org

*ਆਵਾਜ਼ ਨੂੰ ਮਜ਼ਬੂਤ ਬਣਾਉਣਾ, ਹੱਕਾਂ ਦਾ ਸਮਰਥਨ ਕਰਨਾ, ਜ਼ਿੰਦਗੀਆਂ ਬਦਲਣਾ*

**ਸਾਡੇ ਕੰਮ ਨੂੰ ਹੋਰ ਚੰਗਾ ਬਣਾਉਣ ਵਿਚ ਸਾਡੀ ਮਦਦ ਕਰੋ:** ਕੀ ਤੁਸੀਂ ਕੋਈ ਵਿਚਾਰ, ਸ਼ਿਕਾਇਤ, ਸੁਝਾਓ ਜਾਂ ਪ੍ਰਸ਼ੰਸਾ ਪੇਸ਼ ਕਰਨਾ ਚਾਹੁੰਦੇ ਹੋ?
ਸਾਡੀ ਟੀਮ ਦੇ ਕਿਸੇ ਵੀ ਮੈਂਬਰ ਨਾਲ ਗੱਲ ਕਰੋ - ਸਾਨੂੰ ਇਸ ਪਤੇ 'ਤੇ ਈਮੇਲ ਭੇਜੋ comments@voiceability.org ਜਾਂ ਇਸ ਨੰਬਰ 'ਤੇ ਫ਼ੋਨ ਕਰੋ 01223 555800.

ਰਜਿਸਟਰਡ ਚੈਰਿਟੀ 1076630 ਲਿਮਿਟਡ ਕੰਪਨੀ 3798884

VAP01